**Punjabi**

NHS

***Cancer Screening Programmes***

# ਜਿਹਨਾਂ ਔਰਤਾਂ ਦੇ ਸਰਵੀਕਲ ਸਕ੍ਰੀਨਿੰਗ ਦੇ ਨਤੀਜੇ ਬੌਰਡਰਲਾਈਨ ਵਾਲੇ ਜਾਂ ਹਲਕੇ ਡਿਸਕੈਰੀਓਸਿਜ਼ ਵਾਲੇ ਹਨ, ਉਹਨਾਂ ਲਈ ਐਚ ਪੀ ਵੀ ਟੈਸਟਿੰਗ

ਔਰਤਾਂ ਲਈ ਜਾਣਕਾਰੀ

## ਐਚ ਪੀ ਵੀ ਕੀ ਹੈ?

'ਐਚ ਪੀ ਵੀ' ਦਾ ਅਰਥ 'ਹਿਊਮਨ ਪੈਪੀਲੋਮਾ ਵਾਇਰਸ' ਹੈ।

ਐਚ ਪੀ ਵੀ ਸਰਵਿਕਸ (ਬੱਚੇਦਾਨੀ ਦੇ ਮੂੰਹ) ਦੀ ਇਨਫ਼ੈਕਸ਼ਨ ਹੈ ਜੋ ਬਹੁਤ ਹੀ ਆਮ ਹੈ।

ਜ਼ਿਆਦਾਤਰ ਔਰਤਾਂ ਨੂੰ ਇਹ ਵਾਇਰਸ ਜ਼ਿੰਦਗੀ ਵਿਚ ਕਦੇ ਨਾ ਕਦੇ ਲਗ ਜਾਂਦਾ ਹੈ। ਜ਼ਿਆਦਾਤਰ ਹਾਲਤਾਂ ਵਿਚ ਇਹਦਾ ਇਲਾਜ ਕਰਨ ਦੀ ਲੋੜ ਨਹੀਂ ਹੁੰਦੀ ਅਤੇ ਸਰੀਰ ਆਪਣੇ ਆਪ ਹੀ ਇਹਨੂੰ ਕੱਢ ਦਿੰਦਾ ਹੈ।

ਐਚ ਪੀ ਵੀ ਦੀਆਂ ਬਹੁਤ ਸਾਰੀਆਂ ਕਿਸਮਾਂ ਹਨ ਜਿਹਨਾਂ ਵਿਚੋਂ ਜ਼ਿਆਦਾਤਰ ਕੋਈ ਨੁਕਸਾਨ ਨਹੀਂ ਕਰਦੀਆਂ। ਪਰ ਕੁਝ ਕਿਸਮਾਂ ਸਰਵਿਕਸ ਵਿਚ ਖ਼ਰਾਬੀਆਂ ਪੈਦਾ ਕਰ ਸਕਦੀਆਂ ਹਨ। ਇਹਨਾਂ ਨੂੰ ਐਚ ਪੀ ਵੀ ਦੀਆਂ 'ਬਹੁਤ ਖ਼ਤਰੇ ਵਾਲੀਆਂ' ਕਿਸਮਾਂ ਆਖਿਆ ਜਾਂਦਾ ਹੈ। ਅਕਸਰ, ਵਾਇਰਸ ਦੇ ਨਿਕਲ ਜਾਣ ਨਾਲ ਸਰਵਿਕਸ ਦੀਆਂ ਖ਼ਰਾਬੀਆਂ ਆਪਣੇ ਆਪ ਠੀਕ ਹੋ ਜਾਂਦੀਆਂ ਹਨ। ਕਈ ਔਰਤਾਂ ਵਿਚ ਇਹ ਵਾਇਰਸ ਕਾਇਮ ਰਹਿੰਦਾ ਹੈ ਅਤੇ ਇਹਨਾਂ ਨੂੰ ਸਰਵਿਕਸ ਦੀਆਂ ਬੀਮਾਰੀਆਂ (ਸੀ ਆਈ ਐਨ) ਲਗ ਜਾਣ ਦਾ ਵੱਧ ਖ਼ਤਰਾ ਹੁੰਦਾ ਹੈ, ਜਿਹਦਾ ਇਲਾਜ ਕਰਵਾਉਣ ਦੀ ਲੋੜ ਪੈ ਸਕਦੀ ਹੈ।

## ਲੋਕਾਂ ਨੂੰ ਐਚ ਪੀ ਵੀ ਕਿਵੇਂ ਲਗਦਾ ਹੈ?

ਐਚ ਪੀ ਵੀ ਅਜਿਹੇ ਲੋਕਾਂ ਨੂੰ ਹੋ ਜਾਣ ਵਾਲੀ ਆਮ ਇਨਫ਼ੈਕਸ਼ਨ ਹੈ ਜਿਹਨਾਂ ਨੇ ਕਾਫ਼ੀ ਸੰਭੋਗ ਕੀਤਾ ਹੈ। ਕਿਉਂਕਿ ਇਸ ਵਾਇਰਸ ਦੇ ਕੋਈ ਲੱਛਣ ਦਿਖਾਈ ਨਹੀਂ ਦਿੰਦੇ। ਇਸ ਕਰਕੇ, ਹੋ ਸਕਦਾ ਹੈ ਕਿ:

- ਕਿਸੇ ਵਿਅਕਤੀ ਨੂੰ ਇਹ ਇਨਫ਼ੈਕਸ਼ਨ ਕਈ ਸਾਲਾਂ ਤੋਂ ਹੋਵੇ, ਅਤੇ ਉਹਨੂੰ ਇਹਦੇ ਬਾਰੇ ਪਤਾ ਵੀ ਨਾ ਹੋਵੇ
- ਕਿਸੇ ਸਾਥੀ/ਸਾਥਣ ਨੂੰ ਇਹ ਇਨਫ਼ੈਕਸ਼ਨ ਕਈ ਸਾਲ ਪਹਿਲਾਂ ਲੱਗੀ ਹੋਵੇ, ਪਰ ਉਹਨੂੰ ਇਹਦੇ ਬਾਰੇ ਪਤਾ ਨਾ ਹੋਵੇ

## ਮੇਰਾ ਟੈਸਟ ਕਿਉਂ ਕੀਤਾ ਜਾਏਗਾ?

ਐਚ ਪੀ ਵੀ ਟੈਸਟ ਉਹਨਾਂ ਔਰਤਾਂ ਤੋਂ ਲਏ ਨਮੂਨਿਆਂ ਦਾ ਕੀਤਾ ਜਾਏਗਾ ਜਿਹਨਾਂ ਦੇ ਪਹਿਲੀ ਵਾਰ ਸਕ੍ਰੀਨਿੰਗ ਬੌਰਡਰਲਾਈਨ ਵਾਲੇ ਜਾਂ ਹਲਕੇ ਡਿਸਕੈਰੀਓਸਿਜ਼ ਵਾਲੇ ਹੋਣ। ਜਿਹੜੀਆਂ ਔਰਤਾਂ ਪਿਛਲੀ ਖ਼ਰਾਬੀ ਕਾਰਣ ਛੇਤੀ ਦੁਬਾਰਾ ਸਕ੍ਰੀਨਿੰਗ ਲਈ ਆਉਣਗੀਆਂ, ਉਹਨਾਂ ਦਾ ਐਚ ਪੀ ਵੀ ਟੈਸਟ ਨਹੀਂ ਕੀਤਾ ਜਾਏਗਾ।

ਬੌਰਡਰਲਾਈਨ ਵਾਲੇ ਜਾਂ ਹਲਕੇ ਡਿਸਕੈਰੀਓਸਿਜ਼ ਵਾਲੇ ਨਤੀਜਿਆਂ ਵਾਲੀਆਂ ਔਰਤਾਂ ਵਿਚ ਅਜਿਹੀ ਖ਼ਰਾਬੀ ਹੋਣ ਦੀ ਸੰਭਾਵਨਾ ਸਿਰਫ਼ 15-20% ਹੁੰਦੀ ਹੈ, ਜਿਹਦਾ ਇਲਾਜ ਕਰਨ ਦੀ ਲੋੜ ਪਏਗੀ। ਐਚ ਪੀ ਵੀ ਟੈਸਟ ਬਹੁਤ ਜ਼ਰੂਰੀ ਹੈ ਕਿਉਂਕਿ ਇਹਦੇ ਨਾਲ ਉਹਨਾਂ ਔਰਤਾਂ ਬਾਰੇ ਪਤਾ ਲਗ ਜਾਂਦਾ ਹੈ ਜਿਹਨਾਂ ਨੂੰ ਇਲਾਜ ਦੀ ਲੋੜ ਹੁੰਦੀ ਹੈ।

ਐਨ ਐਚ ਐੱਸ ਵਲੋਂ ਪਹਿਲਾਂ ਕਰਵਾਈ ਗਈ ਇਕ ਖੋਜ ਪੜਤਾਲ ਤੋਂ ਪਤਾ ਲੱਗਿਆ ਹੈ ਕਿ ਐਚ ਪੀ ਵੀ ਟੈਸਟ ਨਾਲ ਵਾਰ ਵਾਰ ਬੇਲੋੜੀ ਸਕ੍ਰੀਨਿੰਗ ਕਰਵਾਉਣ ਦੀ ਲੋੜ ਨਹੀਂ ਰਹਿੰਦੀ, ਅਤੇ ਜੇ ਇਲਾਜ ਕਰਨ ਵਾਲੀ ਕੋਈ ਖ਼ਰਾਬੀ ਹੋਵੇ, ਤਾਂ ਇਹਦਾ ਛੇਤੀ ਪਤਾ ਲਗ ਜਾਂਦਾ ਹੈ।

## ਇਹ ਟੈਸਟ ਕਿਵੇਂ ਕੀਤਾ ਜਾਂਦਾ ਹੈ?

ਇਹ ਟੈਸਟ ਉਹਨਾਂ ਸੈੱਲਾਂ ਦੇ ਉਹਨਾਂ ਨਮੂਨਿਆਂ 'ਤੇ ਕੀਤਾ ਜਾਂਦਾ ਹੈ ਜੋ ਤੁਹਾਡੀ ਸਕ੍ਰੀਨਿੰਗ ਵੇਲੇ ਲਏ ਗਏ ਸਨ। ਇਸ ਕਰਕੇ, ਤੁਹਾਨੂੰ ਦੂਸਰੇ ਟੈਸਟ ਲਈ ਵਾਪਸ ਆਉਣ ਦੀ ਲੋੜ ਨਹੀਂ। ਨਮੂਨਿਆਂ ਦੀ ਜਾਂਚ ਪੜਤਾਲ ਲੇਬਾਰੇਟਰੀ ਵਿਚ ਕੀਤੀ ਜਾਂਦੀ ਹੈ ਅਤੇ ਲਿਖਤੀ ਨਤੀਜੇ ਤੁਹਾਨੂੰ ਭੇਜੇ ਜਾਂਦੇ ਹਨ।

## ਜੇ ਮੈਨੂੰ ਐਚ ਪੀ ਵੀ ਹੋਵੇ, ਤਾਂ ਕੀ ਹੋਏਗਾ?

ਜੇ ਤੁਹਾਡੇ ਨਮੂਨੇ ਵਿਚ ਐਚ ਪੀ ਵੀ ਹੋਵੇ, ਤਾਂ ਤੁਹਾਨੂੰ ਕੋਲੋਸਕੋਪੀ ਕਰਵਾਉਣ ਲਈ ਬੁਲਾਇਆ ਜਾਏਗਾ। ਕੋਲੋਸਕੋਪੀ ਰਾਹੀਂ ਤੁਹਾਡੇ ਸਰਵਿਕਸ ਨੂੰ ਵੱਧ ਚੰਗੀ ਤਰ੍ਹਾਂ ਦੇਖ ਕੇ ਪਤਾ ਕੀਤਾ ਜਾਂਦਾ ਹੈ ਕਿ ਕੀ ਤੁਹਾਨੂੰ ਇਲਾਜ ਕਰਵਾਉਣ ਦੀ ਲੋੜ ਹੈ। ਜੇ ਇਲਾਜ ਦੀ ਲੋੜ ਹੋਵੇ, ਤਾਂ ਆਮ ਤੌਰ 'ਤੇ ਤੁਹਾਨੂੰ ਆਊਟਪੇਸ਼ੈਂਟ ਕਲਿਨਿਕ ਵਿਚ ਬੁਲਾਇਆ ਜਾਏਗਾ, ਅਤੇ ਤੁਹਾਨੂੰ ਹਸਪਤਾਲ ਵਿਚ ਰਾਤ ਨਹੀਂ ਬਿਤਾਉਣੀ ਪਏਗੀ। ਜੇ ਤੁਹਾਨੂੰ ਕੋਲੋਸਕੋਪੀ ਬਾਰੇ ਹੋਰ ਜਾਣਕਾਰੀ ਚਾਹੀਦੀ ਹੈ, ਤਾਂ ਆਪਣੇ ਜੀ ਪੀ ਡਾਕਟਰ, ਨਮੂਨਾ ਲੈਣ ਵਾਲੀ ਜਾਂ ਨੇੜੇ ਦੇ ਹੈਲਥ ਕਲਿਨਿਕ ਨਾਲ ਗੱਲ ਕਰੋ। ਤੁਸੀਂ ਸਾਡਾ ਪਰਚਾ 'Cervical Screening — The Colposcopy Examination' ਵੀ ਪੜ੍ਹ ਸਕਦੇ ਹੋ।

## ਮੈਨੂੰ ਐਚ ਪੀ ਵੀ ਬਾਰੇ ਹੋਰ ਜਾਣਕਾਰੀ ਕਿੱਥੋਂ ਮਿਲ ਸਕਦੀ ਹੈ?

ਜੇ ਤੁਹਾਨੂੰ ਐਚ ਪੀ ਵੀ ਟੈਸਟ ਬਾਰੇ ਜਾਂ ਇਸ ਪਰਚੇ ਵਿਚ ਦੱਸੀ ਕਿਸੇ ਹੋਰ ਗੱਲ ਬਾਰੇ ਹੋਰ ਜਾਣਕਾਰੀ ਚਾਹੀਦੀ ਹੈ, ਤਾਂ ਆਪਣੀ ਪ੍ਰੈਕਟਿਸ ਨਰਸ ਨਾਲ ਗੱਲ ਕਰੋ ਜਾਂ ਐਨ ਐਚ ਐੱਸ ਕੈਂਸਰ ਸਕ੍ਰੀਨਿੰਗ ਪ੍ਰੋਗਰਾਮਾਂ ਬਾਰੇ ਜਾਣਕਾਰੀ ਇਸ ਵੈੱਬਸਾਈਟ ਤੋਂ ਲਓ

- www.cancerscreening.nhs.uk